ਮਿਤੀ:- 16-02-2017 ਨੂੰ ਹੋਈ ਸਿਵਲ ਸਰਜਨਸ ਦੀ ਮਹੀਨਾਵਾਰ ਰੀਵਿਊ ਮੀਟਿੰਗ ਦੀ ਪ੍ਰੋਸੀਡਿੰਗ।

ਮਿਤੀ 16-02-2017 ਨੂੰ ਸਿਵਲ ਸਰਜਨਸ ਦੀ ਮਹੀਨਾਵਾਰ ਰੀਵਿਊ ਮੀਟਿੰਗ ਦਾ ਆਯੋਜਨ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕਮੇਟੀ ਰੂਮ ਵਿੱਚ ਕੀਤਾ ਗਿਆ। ਇਸ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਆਈ.ਏ.ਐਸ, ਐਮ.ਡੀ.ਐਨ.ਐਚ.ਐਮ/ ਪੀ.ਐਚ.ਐਸ. ਸੀ ਸ੍ਰੀ ਹੁਸਨ ਲਾਲ ਆਈ.ਏ.ਐਸ .ਵਿਸ਼ੇਸ਼ ਸਕੱਤਰ ਸਿਹਤ ਸ੍ਰੀ ਵਿਕਾਸ ਗਰਗ ਆਈ.ਏ.ਐਸ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ, ਡਾਇਰੈਕਟਰ ਪਰਿਵਾਰ ਭਲਾਈ ਡਾ: ਧਰਮਪਾਲ, ਡਾਇਰੈਕਟਰ ਸਿਹਤ ਸੇਵਾਂਵਾ (ਸ:ਬ) ਡਾ:ਗੁਲਸ਼ਨ ਰਾਏ, ਡਾਇਰੈਕਟਰ ਆਯੁਰਵੇਦਾ ਡਾ: ਰਾਕੇਸ ਸ਼ਰਮਾ, ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫ਼ਸਰਾ ਤੋਂ ਇਲਾਵਾ ਸਮੂਹ ਸਿਵਲ ਸਰਜਨ ਪੰਜਾਬ ਰਾਜ ਹਾਜ਼ਰ ਹੋਏ । ਮੀਟਿੰਗ ਦੀ ਕਾਰਵਾਈ ਰਿਪੋਰਟ ਹੇਠ ਦਰਸਾਏ ਅਨੁਸਾਰ ਹੈ:-

ਵਧੀਕ ਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਅਤੇ ਸਮੂਹ ਅਫ਼ਸਰ ਸਾਹਿਬਾਨ ਨੂੰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ ਜੀ ਵੱਲੋ "ਜੀ ਆਇਆ" ਨੂੰ ਕਿਹਾ ਗਿਆ।

ਵਧੀਕ ਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਜੀ ਵੱਲੋ ਜ਼ਿਲ੍ਹਿਆ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ/ਨੈਸ਼ਨਲ ਪ੍ਰੋਗਰਾਮਾਂ/ਐਨ.ਐਚ.ਐਮ ਦੇ ਫੰਡਾਂ ਦਾ ਜਾਇਜ਼ਾ ਲਿਆ ਗਿਆ। ਸਿਵਲ ਸਰਜਨਾਂ ਵੱਲੋ ਆਪਣੇ-ਆਪਣੇ ਜ਼ਿਲ੍ਹੇ ਨਾਲ ਸੰਬੰਧਿਤ ਸਿਹਤ ਪ੍ਰੋਗਰਾਮਾਂ/ਚੱਲ ਰਹੀਆਂ ਗਤੀਵਿਧੀਆ ਅਤੇ ਰਿਪੋਰਟਾ/ਅੰਕੜਿਆ ਆਦਿ ਬਾਰੇ ਦੱਸਿਆ ।ਵਧੀਕ ਮੁੱਖ ਸਕੱਤਰ ਸਿਹਤ ਜੀ ਵੱਲੋ ਸਮੂਹ ਸਿਵਲ ਸਰਜਨਾਂ ਨੂੰ ਫੀਲਡ ਵਿੱਚ ਆਉਂਦੀਆ ਸਮੱਸਿਆਵਾਂ ਵੀ ਸੁਣੀਆਂ ਅਤੇ ਉਹਨਾ ਨੂੰ ਹੱਲ ਕੀਤਾ ਗਿਆ। ਮਾਨਯੋਗ ਵਧੀਕ ਮੁੱਖ ਸਕੱਤਰ ਜੀ ਵੱਲੋ ਸਿਵਲ ਸਰਜਨਸ ਦੀ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਲਏ ਗਏ ਨਿਰਣਿਆ/ ਦਿਸ਼ਾ ਨਿਰਦੇਸ਼ਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਨਾਲ ਸਬੰਧਤ ਸਾਰੇ ਕੇਸਾ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਕੇਸਾ ਦਾ ਨਿਪਟਾਰਾ ਕਰਨ ਵਿੱਚ ਜੇਕਰ ਕੋਈ ਦਿੱਕਤ ਆਉਦੀ ਹੈ ਤਾਂ ਇਸ ਸਬੰਧੀ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ਡੀ.ਐਮ.ਸੀ/ ਪੀ.ਐਚ.ਐਸ.ਸੀ ਨਾਲ ਤਾਲਮੇਲ ਕੀਤਾ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- 104 ਹੈਲਪਲਾਇਨ ਨਾਲ ਸਬੰਧਤ ਪੁਰਾਣੇ ਕੇਸਾ ਦਾ ਰੀਵਿਊ ਕੀਤਾ ਜਾਵੇ।ਪਿਛਲੇ ਛੇ ਮਹੀਨਿਆ ਦਾ ਕੋਈ ਵੀ ਕੇਸ ਪੈਡਿੰਗ ਨਹੀਂ ਹੋਣਾ ਚਾਹੀਦਾ ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਿਹਤ ਵਿਭਾਗ ਦਾ ਜਿਹੜਾ ਸਟਾਫ ਜੇਲ੍ਹਾ ਜਾਂ ਹੋਰ ਕਿਸੇ ਅਦਾਰੇ ਵਿੱਚ ਆਪਣੀ ਸਿਹਤ ਸੇਵਾਵਾਂ ਦੇ ਰਿਹਾ ਹੈ, ਦੀ ਓ.ਪੀ.ਡੀ, ਮਾਈਨਰ ਸਰਜਰੀ ਅਤੇ ਮੇਜਰ ਸਰਜਰੀ ਬਾਰੇ ਐਚ. ਐਮ. ਆਈ.ਐਸ ਵਿੱਚ ਉਸ ਦੀ ਐਂਟਰੀ ਕੀਤੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਜਿਹੜੀਆ ਸਿਹਤ ਸੰਸਥਾਵਾਂ ਨੂੰ ਪਹਿਲਾਂ ਹੀ ਸਟਾਰ ਮਿਲਿਆ ਹੋਇਆ ਹੈ।ਕਿਸੇ ਹੋਰ ਸਿਹਤ ਸੰਸਥਾ ਨੂੰ ਸਟਾਰ ਬਣਾਉਣ ਵਾਸਤੇ ਉਨ੍ਹਾਂ ਸਿਹਤ ਸੰਸਥਾਵਾਂ ਵਿਚੋਂ ਸਟਾਫ਼ ਨਾ ਕਢਿਆ ਜਾਵੇ।ਜਿਨ੍ਹਾਂ ਸਿਹਤ ਸੰਸਥਾਵਾਂ ਨੂੰ ਸਟਾਰ ਬਣਾਉਣਾ ਹੈ ਉਨ੍ਹਾਂ ਲਈ ਕਿਸੇ ਹੋਰ ਸਿਹਤ ਸੰਸਥਾ ਵਿਚੋ ਸਟਾਫ਼ ਲੈ ਲਿਆ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਐਨ.ਐਚ.ਐਮ ਦੇ ਖਰਚਿਆ ਦੀ ਰਿਪੋਰਟ ਸਟੇਟ ਹੈਡਕੁਆਟਰ ਨੂੰ ਭੇਜਣ ਤੋਂ ਪਹਿਲਾਂ ਸਿਵਲ ਸਰਜਨ ਆਪ ਉਸ ਰਿਪੋਰਟ ਨੂੰ ਚੈਕ ਕਰਨਗੇ ਅਤੇ ਚੈਕ ਕਰਨ ਉਪਰੰਤ ਹੀ ਰਿਪੋਰਟ ਸਟੇਟ ਹੈਡਕੁਆਰਟਰ ਭੇਜਣਗੇ। ਸਾਰੀਆਂ ਰਿਪੋਰਟਾਂ ਸਿਵਲ ਸਰਜਨ ਦੇ ਦਸਤਖਤਾ ਹੇਠ ਸਟੇਟ ਹੈਡਕੁਆਰਟਰ ਭੇਜੀਆ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਕੁਆਲਟੀ ਅਸੋਰੈਂਸ ਦੀ ਰਿਪੋਰਟ ਹਰੇਕ ਜ਼ਿਲ੍ਹੇ ਵਿਚੋ ਘੱਟੋਂ ਘੱਟ 2 ਸਿਹਤ ਸੰਸਥਾਵਾਂ ਦੀ ਆਉਣੀ ਚਾਹੀਦੀ ਹੈ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਜਿਹੜੀਆਂ ਦਵਾਈਆਂ ਵੇਅਰ ਹਾਊਸ ਵਿੱਚ ਮੌਜੂਦ ਹਨ। ਉਨ੍ਹਾਂ ਦੀ ਖ੍ਰੀਦ ਨਾ ਕੀਤੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਫਰੀ ਡਰੱਗਜ ਤਹਿਤ ਹਰੇਕ ਸਿਹਤ ਸੰਸਥਾ ਨੂੰ ਆਪਣੀਆਂ ਦਵਾਈਆਂ ਦਾ ਸਟਾਕ ਰੱਖਣਾ ਚਾਹੀਦਾ ਹੈ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡਾਕਟਰ ਵੀਡੀਓ ਕਾਨਫਰੰਸਿੰਗ ਰਾਹੀਂ ਕੋਰਟ ਅਟੈਂਡ ਕਰਨਗੇ ਅਤੇ ਆਪਣੀ ਸਟੇਟਮੈਂਟ ਦੇਣ ਲਈ ਕੋਰਟ ਨਹੀਂ ਜਾਣਗੇ। ਇਸ ਸਬੰਧੀ ਉਹ ਆਪਣੀ ਸਿਹਤ ਸੰਸਥਾ ਜਾਂ ਫਿਰ ਨੇੜਲੀ ਜ਼ਿਲ੍ਹਾ ਪੱਧਰ ਦੀ ਸਿਹਤ ਸੰਸਥਾ ਦੇ ਵੀ.ਸੀ ਰਾਹੀ ਕੋਰਟ ਨਾਲ ਆਪਣਾ ਤਾਲਮੇਲ ਕਰੇਗਾ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਕੋਈ ਵੀ ਆਸ਼ਾ ਅਜਿਹੀ ਨਾ ਹੋਵੇ ਜਿਹੜੀ ਆਪਣੇ ਪਿੰਡ ਦੀ ਵਸਨੀਕ ਨਾ ਹੋਵੇ । ਆਸ਼ਾ ਨੂੰ ਉਸਦੇ ਬਣਦੇ ਇਨਸੈਨਟਿਵ ਦੇਣੇ ਯਕੀਨੀ ਬਣਾਏ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡਾਇਲੈਸਿਸ ਡਬਲ ਸਿਫ਼ਟ ਸ਼ੁਰੂ ਕੀਤਾ ਜਾਵੇ। ਜ਼ਿਲ੍ਹਾ ਹਸਪਤਾਲਾ ਵਿੱਚ ਕੀਮੋਥਰੈਪੀ ਕਰਨੀ ਸ਼ੁਰੂ ਕੀਤੀ ਜਾਵੇ। ਲੋਕਾਂ ਦੀ ਜਾਣਕਾਰੀ ਲਈ ਫਲੈਕਸ ਬੋਰਡ ਲਗਵਾਏ ਜਾਣ। ਆਈ.ਈ.ਸੀ/ਬੀ.ਸੀ.ਸੀ ਗਤੀਵਿਧੀਆਂ ਕਰਵਾਈਆ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- SNCU ਲਈ ਨਵ-ਨਿਯੁਕਤ ਬੀ.ਐਸ.ਸੀ ਨਰਸਿੰਗ ਸਟਾਫ ਨਰਸਾ ਦੀ-ਡਿਊਟੀ ਸਿਰਫ ਐਸ.ਐਨ.ਸੀ.ਯੂ ਵਿੱਚ ਹੀ ਰਹੇਗੀ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਹਸਪਤਾਲਾ ਵਿੱਚ ਸਿਕਿਊਰਿਟੀ ਲਈ ਲੋੜੀਂਦਾ ਪ੍ਰਬੰਧ ਕੀਤਾ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਹਰ ਸਿਹਤ ਸੰਸਥਾ ਦੀ ਚਾਰ ਦੀਵਾਰੀ ਹੋਣੀ ਚਾਹੀਦੀ ਹੈ । ਜਿਹੜੀਆ ਸਿਹਤ ਸੰਸਥਾਵਾਂ ਦੀ ਚਾਰ ਦੀਵਾਰੀ ਦੀ ਮੁਰੰਮਤ ਹੋਣ ਵਾਲੀ ਹੈ ਉਸ ਦੀ ਮੁਰੰਮਤ ਕਰਵਾਈ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਰੀਹੈਬੀਲੀਟੇਸ਼ਨ ਸੈਂਟਰ ਅਤੇ ਡਰੱਗ ਡੀ-ਐਡਿਕਸ਼ਨ ਸੈਂਟਰ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾਵੇ ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਅਲਟਰਾਸਾਊਂਡ ਸੈਂਟਰਾਂ ਦਾ ਧਿਆਨ ਰੱਖਿਆ ਜਾਵੇ ਕਿ ਉਹ ਅਲਟਰਾਸਊਂਡ ਕਰਨ ਸਮੇਂ ਗਰਭ ਵਿੱਚ ਪਲ ਰਹੇ ਬੱਚੇ ਦੇ ਲਿੰਗ ਬਾਰੇ ਨਾ ਦੱਸਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- Empanelled ਪ੍ਰਾਈਵੇਟ ਹਸਪਤਾਲਾ ਤੋ ਡੇਂਗੂ, ਸਵਾਈਨ ਫਲੂ ਦੀਆਂ ਰਿਪੋਰਟਾ ਯਕੀਨੀ ਲੈ ਲਈਆ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਕੋਈ ਵੀ ਬੁਖਾਰ ਹੋਵੇ ਤਾਂ ਮਲੇਰੀਆ ਦੀ ਬਲੱਡ ਸਲਾਈਡ ਜ਼ਰੂਰ ਹੀ ਬਣਾ ਲਈ ਜਾਵੇ ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਿਹਤ ਸੰਸਥਾਵਾਂ/ ਹਸਪਤਾਲਾ ਵਿੱਚ ਸ਼ਿਕਾਇਤ ਬਕਸੇ ਅਤੇ ਦਾਨ ਬਕਸੇ ਲਗਵਾਏ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਵਿਸ਼ਵ ਔਰਤ ਦਿਵਸ 8 ਮਾਰਚ 2017 ਨੂੰ ਹੈ। ਇਸ ਦਿਵਸ ਤੇ ਐਨ.ਸੀ. ਡੀ. ਪ੍ਰੋਗਰਾਮ ਅਧੀਨ ਔਰਤਾਂ ਦੇ ਬਰੈਸਟ ਕੈਂਸਰ, ਸਰਵਿਕਸ ਕੈਂਸਰ,ਓਰਲ ਕੈਂਸਰ ਦੀ ਸਕਰੀਨਿੰਗ ਸੰਬੰਧੀ ਕੈਂਪ ਲਗਵਾਏ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਚੈੱਕ ਬਾਊਂਸ ਹੋਵੇ ਤਾਂ ਤੁਰੰਤ ਐਮ.ਡੀ. ਸਾਹਿਬ ਨਾਲ ਰਾਬਤਾ ਕਾਇਮ ਕੀਤਾ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- HRIS ਅਤੇ HMIS ਡਾਟਾ ਵਿੱਚ ਮਿਸਮੈਚ ਹੈ। ਇਸ ਵਿੱਚ ਤੁਰੰਤ ਸੁਧਾਰ ਕੀਤਾ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- WHATS APP ਗਰੁੱਪ ਤੇ ਜਰੂਰੀ ਚੀਜ਼ਾ ਹੀ ਪਾਂਈਆ ਜਾਣ। ਫਾਲਤੂ ਦੇ ਮੈਸੇਜ਼/ਫੋਟੋਆਂ ਨਾ ਪਾਈਆ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)